# ਰਿਹਾਇਸ਼ੀ ਹਾਟ ਟੱਬ ਅਤੇ ਪੂਲ: ਪਾਣੀ ਦੀ ਸੁਰੱਖਿਅਤ ਗੁਣਵੱਤਾ

# Residential hot tubs and pools: Safe water quality

## ਰਿਹਾਇਸ਼ੀ ਹਾਟ ਟੱਬਾਂ ਅਤੇ ਪੂਲਾਂ ਦੀਆਂ ਸਿਹਤ ਸੰਬੰਧੀ ਚਿੰਤਾਵਾਂ

ਹਾਟ ਟੱਬ ਅਤੇ ਪੂਲ ਜਰਾਸੀਮ (ਕੀਟਾਣੂਆਂ) ਨੂੰ ਵਧਣ ਲਈ ਵਾਤਾਵਰਣ ਪ੍ਰਦਾਨ ਕਰ ਸਕਦੇ ਹਨ। ਕੀਟਾਣੂਆਂ ਤੁਹਾਨੂੰ ਬਿਮਾਰ ਕਰ ਸਕਦੇ ਹਨ ਅਤੇ ਉਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:

- *ਲੀਜਨੇਲਾ (Legionella) ਜਿਸ ਕਰਕੇ* ਲੀਜੇਨੇਰਿਸ (Legionnaires') ਦੀ ਬਿਮਾਰੀ ਹੋ ਸਕਦੀ ਹੈ (ਜਾਨਲੇਵਾ ਹੋ ਸਕਦੀ ਹੈ)
- ਸੂਡੋਮੋਨਸ (Pseudomonas) ਜਿਸ ਕਰਕੇ ਕਈ ਸਾਰੇ ਗੰਭੀਰ ਸੰਕਰਮਣ, ਜਿਵੇਂ ਕਿ ਚਮੜੀ ਦੇ ਗੰਭੀਰ ਧੱਫੜ, ਅੱਖਾਂ ਅਤੇ ਕੰਨਾਂ ਦੀਆਂ ਲਾਗਾਂ, ਅਤੇ ਨਮੂਨੀਆ ਹੋ ਸਕਦੇ ਹਨ
- ਹੋਰ ਕੀਟਾਣੂ, ਜੋ ਮਲ ਜਾਂ ਉਲਟੀਆਂ ਰਾਹੀਂ ਫੈਲ ਸਕਦੇ ਹਨ, ਜਿਵੇਂ ਕਿ ਰੋਟਾਵਾਇਰਸ ਅਤੇ ਨੋਰੋਵਾਇਰਸ

ਇਹਨਾਂ ਕੀਟਾਣੂਆਂ ਨੂੰ ਸਹੀ ਕੀਟਾਣੂਨਾਸ਼ਕ ਅਤੇ ਤਾਪਮਾਨ ਦੇ ਪੱਧਰਾਂ ਨੂੰ ਕਾਇਮ ਰੱਖ ਕੇ ਅਤੇ ਤੁਹਾਡੇ ਹਾਟ ਟੱਬ ਜਾਂ ਪੂਲ ਵਿੱਚ ਪਾਣੀ ਦੀ ਢੁਕਵੀਂ ਫਿਲਟਰੇਸ਼ਨ ਅਤੇ ਰੀਸਰਕੁਲੇਸ਼ਨ ਨੂੰ ਯਕੀਨੀ ਬਣਾ ਕੇ ਨਿਯੰਤਰਿਤ ਕੀਤਾ ਜਾ ਸਕਦਾ ਹੈ।

## ਮੈਂ ਇਹ ਕਿਵੇਂ ਯਕੀਨੀ ਬਣਾ ਸਕਦਾ/ਸਕਦੀ ਹਾਂ ਕਿ ਪਾਣੀ ਸੁਰੱਖਿਅਤ ਹੈ?

ਮਾਲਕ ਇਹ ਸੁਨਿਸ਼ਚਿਤ ਕਰਨਾ ਲਈ ਜ਼ਿੰਮੇਵਾਰ ਹਨ ਕਿ ਉਨ੍ਹਾਂ ਦਾ ਹਾਟ ਟੱਬ ਜਾਂ ਪੂਲ ਸਾਫ ਹੈ ਅਤੇ ਕੀਟਾਣੂਆਂ ਅਤੇ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਸਹੀ ਤਰ੍ਹਾਂ ਰੋਗਾਣੂ ਮੁਕਤ ਕੀਤਾ ਗਿਆ ਹੈ। ਇਹ ਯਕੀਨੀ ਬਣਾਉਣ ਲਈ ਕਿ ਪਾਣੀ ਸਾਫ਼ ਅਤੇ ਸੁਰੱਖਿਅਤ ਹੈ, ਪੀਐਚ (pH) ਅਤੇ ਕੀਟਾਣੂਨਾਸ਼ਕ (ਆਮ ਤੌਰ 'ਤੇ ਕਲੋਰੀਨ ਜਾਂ ਬਰੋਮੀਨ) ਦੇ ਸਹੀ ਪੱਧਰਾਂ ਨੂੰ ਬਣਾਈ ਰੱਖੋ। ਵਧੇਰੇ ਜਾਣਕਾਰੀ ਲਈ, ਪੂਲਾਂ ਲਈ ਟੇਬਲ 1 ਅਤੇ ਹਾਟ ਟੱਬਾਂ ਲਈ ਟੇਬਲ 2 ਦੇਖੋ। ਆਪਣੇ ਪੂਲ ਜਾਂ ਹਾਟ ਟੱਬ ਦੀ ਵਰਤੋਂ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਸਾਰੇ ਰਸਾਇਣ ਸਿਫ਼ਾਰਸ਼ ਕੀਤੀ ਰੇਂਜ ਦੇ ਅੰਦਰ ਹਨ।

ਕੀਟਾਣੂਨਾਸ਼ਕ ਕੀਟਾਣੂਆਂ ਨੂੰ ਮਾਰਦੇ ਹਨ। ਪਰੰਤੂ, ਉਹਨਾਂ ਦੀ ਪ੍ਰਭਾਵਸ਼ੀਲਤਾ ਬਹੁਤ ਸਾਰੇ ਕਾਰਕਾਂ ਜਿਵੇਂ ਕਿ ਗਾੜ੍ਹੇਪਣ, ਪਾਣੀ ਦਾ ਤਾਪਮਾਨ, ਪੀਐਚ (pH) ਅਤੇ ਕੀਟਾਣੂਨਾਸ਼ਕ ਅਤੇ ਕੀਟਾਣੂਆਂ ਵਿਚਕਾਰ ਸੰਪਰਕ ਦਾ ਸਮਾਂ, 'ਤੇ ਨਿਰਭਰ ਕਰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਦੂਸ਼ਣ ਨੂੰ ਰੋਕਣਾ ਇੰਨਾਂ ਮਹੱਤਵਪੂਰਨ ਹੈ।

ਹਾਟ ਟੱਬ ਜਾਂ ਪੂਲ ਦੀ ਵਰਤੋਂ ਕਰਨ ਤੋਂ ਪਹਿਲਾਂ ਹਮੇਸ਼ਾ ਸਾਬਣ ਨਾਲ ਸ਼ਾਵਰ ਕਰੋ ਜਾਂ ਨਹਾਓ। ਇਹ ਪੂਲ ਵਿੱਚ ਗੰਦਗੀ, ਰੇਤ ਜਾਂ ਜੈਵਿਕ ਸਮੱਗਰੀ ਦੇ ਦਾਖਲ ਹੋਣ ਤੋਂ ਬਚਣ ਵਿੱਚ ਮਦਦ ਕਰੇਗਾ, ਜੋ ਕੀਟਾਣੂਨਾਸ਼ਕ ਉਪ-ਉਤਪਾਦਾਂ ਦੇ ਗਠਨ ਨੂੰ ਘਟਾ ਦੇਵੇਗਾ। ਇਹ ਲੋੜੀਂਦੇ ਕੀਟਾਣੂਨਾਸ਼ਕ ਰਸਾਇਣਾਂ ਦੀ ਮਾਤਰਾ ਨੂੰ ਘਟਾਉਣ ਵਿੱਚ ਵੀ ਮਦਦ ਕਰੇਗਾ।

ਤੁਹਾਨੂੰ ਖੁੱਲ੍ਹੇ ਜ਼ਖਮਾਂ ਜਾਂ ਪੱਟੀਆਂ ਦੇ ਨਾਲ ਪੂਲ ਜਾਂ ਹਾਟ ਟੱਬ ਵਿੱਚ ਨਹੀਂ ਜਾਣਾ ਚਾਹੀਦਾ। ਜੇਕਰ ਤੁਸੀਂ ਜ਼ੁਕਾਮ ਜਾਂ ਫਲੂ ਵਰਗੇ ਲੱਛਣਾਂ ਦਾ ਅਨੁਭਵ ਕਰ ਰਹੇ ਹੋ, ਤਾਂ ਤੁਹਾਨੂੰ ਉਦੋਂ ਤੱਕ ਪੂਲ ਜਾਂ ਹਾਟ ਟੱਬ ਵਿੱਚ ਨਹੀਂ ਜਾਣਾ ਚਾਹੀਦਾ ਜਦੋਂ ਤੱਕ ਤੁਸੀਂ ਘੱਟੋ-ਘੱਟ 48 ਘੰਟਿਆਂ ਲਈ ਲੱਛਣਾਂ ਤੋਂ ਮੁਕਤ ਨਹੀਂ ਹੋ ਜਾਂਦੇ।

ਜੇਕਰ ਤੁਹਾਡਾ ਸਿੱਧੀ ਧੁੱਪ ਨਾਲ ਸੰਪਰਕ ਵਿੱਚ ਆਉਣ ਵਾਲਾ ਬਾਹਰੀ ਪੂਲ ਜਾਂ ਹਾਟ ਟੱਬ ਹੈ, ਤਾਂ ਤੁਸੀਂ ਸੂਰਜ ਦੇ ਸੰਪਰਕ ਵਿੱਚ ਆਉਣ ਕਰਕੇ ਕਲੋਰੀਨ ਦੇ ਬ੍ਰੇਕਡਾਊਨ ਨੂੰ ਰੋਕਣ ਲਈ ਸਟੇਬਲਾਈਜ਼ਡ ਕਲੋਰੀਨ ਉਤਪਾਦਾਂ (ਜਿਵੇਂ ਕਿ ਕਲੋਰੀਨ ਸਾਯਾਨਿਊਰੇਟ) ਦੀ ਵਰਤੋਂ ਕਰ ਸਕਦੇ ਹੋ ਜਾਂ ਵੱਖਰੇ ਤੌਰ 'ਤੇ ਇੱਕ ਸਟੇਬੀਲਾਈਜ਼ਰ (ਜਿਵੇਂ ਕਿ ਸਾਇਨੂਰਿਕ ਐਸਿਡ) ਸ਼ਾਮਲ ਕਰ ਸਕਦੇ ਹੋ। ਬਹੁਤ ਜ਼ਿਆਦਾ ਸਾਇਨੂਰਿਕ ਐਸਿਡ "ਕਲੋਰੀਨ ਲਾਕ" ਬਣਾ ਸਕਦਾ ਹੈ, ਜਿਸਦਾ ਮਤਲਬ ਹੈ ਕਿ ਕਲੋਰੀਨ ਕੀਟਾਣੂਨਾਸ਼ਕ ਕਰਨ ਦੀ ਪ੍ਰਭਾਵਸ਼ੀਲਤਾ ਘਟ ਜਾਂਦੀ ਹੈ। ਜ਼ਿਆਦਾਤਰ ਸਥਿਤੀਆਂ ਵਿੱਚ ਸਾਇਨੂਰਿਕ ਐਸਿਡ ਦੀ ਵਰਤੋਂ ਇਨਡੋਰ ਪੂਲਾਂ ਵਿੱਚ ਨਹੀਂ ਕੀਤੀ ਜਾਣੀ ਚਾਹੀਦੀ।

ਜੇਕਰ ਹੋਰ ਕੀਟਾਣੂਨਾਸ਼ਕ, ਜਿਵੇਂ ਕਿ ਓਜ਼ੋਨ ਜਾਂ ਅਲਟਰਾਵਾਇਲਟ ਲਾਇਟ (UV) ਵਰਤੇ ਜਾਂਦੇ ਹਨ, ਤਾਂ ਉਹਨਾਂ ਦੀ ਵਰਤੋਂ ਕਲੋਰੀਨ ਜਾਂ ਬਰੋਮੀਨ ਦੇ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੂਲ ਵਿੱਚ ਕੀਟਾਣੂਨਾਸ਼ਕ ਦੀ ਰਹਿੰਦ-ਖੂੰਹਦ ਮੌਜੂਦ ਹੈ। ਓਜ਼ੋਨ ਨਾਲ ਖਾਸ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਅੱਖਾਂ ਅਤੇ ਫੇਫੜਿਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਆਪਣੇ ਰਸਾਇਣਾਂ ਅਤੇ ਕੀਟਾਣੂਨਾਸ਼ਕ ਉਪਕਰਨਾਂ ਲਈ ਹਮੇਸ਼ਾ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।

*ਵਿਸ਼ੇਸ਼ ਨੋਟ: ਕਲੋਰੀਨ ਪਕਸ (ਡਿਸਪੈਂਸਰ ਦੇ ਨਾਲ ਜਾਂ ਉਸ ਤੋਂ ਬਿਨਾਂ) ਸਕਿਮਰ ਵਿੱਚ ਵਰਤੇ ਜਾਣ ਲਈ **ਨਹੀਂ** ਹਨ ਕਿਉਂਕਿ ਇਹ ਪੂਲ ਜਾਂ ਹਾਟ ਟੱਬਾਂ ਨੂੰ ਕਲੋਰੀਨੇਟ ਕਰਨ ਦਾ ਇੱਕ ਸਵੀਕਾਰਯੋਗ ਸਾਧਨ ਨਹੀਂ ਹੈ। ਉਹ ਨਹਾਉਣ ਵਾਲਿਆਂ ਲਈ ਇੱਕ ਫਰੀ ਤੁਰੰਤ ਰਸਾਇਣਕ ਖ਼ਤਰਾ ਪੇਸ਼ ਕਰ ਸਕਦੇ ਹਨ ਅਤੇ ਉਹ ਕਲੋਰੀਨ ਦੀਆਂ ਮੰਗਾਂ ਵਿੱਚ ਉਤਰਾਅ-ਚੜ੍ਹਾਅ ਦਾ ਤੁਰੰਤ ਜਵਾਬ ਦੇਣ ਦੀ ਉਨ੍ਹਾਂ ਦੀ ਅਸਮਰੱਥਾ ਕਰਕੇ  ਕਲੋਰੀਨੇਸ਼ਨ ਦੀ ਇੱਕ ਪ੍ਰਭਾਵਹੀਣ ਵਿਧੀ ਹਨ।

ਪ੍ਰਭਾਵਸ਼ਾਲੀ ਢੰਗ ਨਾਲ ਰੋਗਾਣੂ ਮੁਕਤ ਕਰਨ ਨੂੰ ਯਕੀਨੀ ਬਣਾਉਣ ਲਈ, ਆਪਣੇ ਪੀਐਚ (pH) ਨੂੰ 7.2 ਅਤੇ 7.8 (ਆਦਰਸ਼ ਰੇਂਜ) ਦੇ ਵਿਚਕਾਰ ਬਣਾਈ ਰੱਖੋ। ਇਹ ਅੱਖਾਂ ਅਤੇ ਚਮੜੀ ਦੀ ਜਲਣ ਨੂੰ

ਘਟਾਉਣ ਵਿੱਚ ਮਦਦ ਕਰੇਗਾ ਜੋ ਕਿ ਕਈ ਵਾਰ ਕੀਟਾਣੂਨਾਸ਼ਕ ਕਾਰਨ ਹੋ ਸਕਦੀਆਂ ਹਨ।

## ਮੈਂ ਪਾਣੀ ਦੀ ਕੈਮਿਸਟਰੀ ਨੂੰ ਕਿਵੇਂ ਮਾਪਾਂ?

ਤੁਹਾਡੇ ਹਾਟ ਟੱਬ ਜਾਂ ਪੂਲ ਦੇ ਪਾਣੀ ਦੀ ਕੈਮਿਸਟਰੀ ਨੂੰ ਰੋਜ਼ਾਨਾ ਮਾਪਿਆ ਜਾਣਾ ਚਾਹੀਦਾ ਹੈ, ਖਾਸ ਕਰਕੇ ਜ਼ਿਆਦਾ ਵਰਤੋਂ ਦੇ ਸਮਿਆਂ ਦੇ ਦੌਰਾਨ। ਪੂਲ ਅਤੇ ਹਾਟ ਟੱਬ ਦੇ ਮਾਲਕਾਂ ਨੂੰ ਅਜਿਹੀ ਟੈਸਟ ਕਿੱਟ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਘੱਟ ਤੋਂ ਘੱਟ, ਵਰਤੇ ਗਏ ਕੀਟਾਣੂਨਾਸ਼ਕ (ਫ੍ਰੀ ਅਵੇਲੇਬਲ ਕਲੋਰੀਨ, ਕਲੋਰੀਨ ਸਾਯਾਨਿਊਰੇਟ ਜਾਂ ਬਰੋਮੀਨ) ਅਤੇ ਪੀਐਚ (pH) ਨੂੰ ਮਾਪ ਸਕਦੀ ਹੈ। ਨਿਰਮਾਤਾ ਦੀਆਂ ਸਿਫ਼ਾਰਸ਼ਾਂ ਦੇ ਅਨੁਸਾਰ ਟੈਸਟ ਕਿੱਟਾਂ ਦਾ ਰੱਖ-ਰਖਾਅ ਕੀਤਾ ਜਾਣਾ ਅਤੇ ਉਨ੍ਹਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ। ਜਦੋਂ ਵੀ ਪੂਲ ਟੈਸਟ ਦੇ ਨਤੀਜੇ ਸਿਫ਼ਾਰਿਸ਼ ਕੀਤੀ ਰੇਂਜ ਤੋਂ ਬਾਹਰ ਹੋਣ ਤਾਂ ਉਚਿਤ ਕਾਰਵਾਈ ਕਰੋ।

**ਟੇਬਲ 1**

**ਪੂਲ - ਕੀਟਾਣੂਨਾਸ਼ਕ ਅਤੇ ਪਾਣੀ ਦੀ ਗੁਣਵੱਤਾ ਦੇ ਪੱਧਰ**

| ਪੈਰਾਮੀਟਰ | ਨਿਮਨਤਮ (≤30° ਸੈਂਟੀਗ੍ਰੇਡ) | ਨਿਮਨਤਮ (>30° ਸੈਂਟੀਗ੍ਰੇਡ) | ਆਦਰਸ਼ ਰੇਂਜ | ਅਧਿਕਤਮ (ਵੱਧ ਨਾ ਕਰੋ) |
|---|---|---|---|---|
| ਫ੍ਰੀ ਅਵੇਲੇਬਲ ਕਲੋਰੀਨ | 0.5 ਪੀਪੀਐਮ | 1.5 ਪੀਪੀਐਮ | 2.0 ਤੋਂ 4.0 ਪੀਪੀਐਮ | 5.0 ਪੀਪੀਐਮ |
| ਕਲੋਰੀਨ ਸਾਯਾਨਿਊਰੇਟ | 1.0 ਪੀਪੀਐਮ | 2.0 ਪੀਪੀਐਮ | ਲਾਗੂ ਨਹੀਂ | 5.0 ਪੀਪੀਐਮ |
| ਬਰੋਮੀਨ | 1.5 ਪੀਪੀਐਮ | 2.5 ਪੀਪੀਐਮ | 2.0 ਤੋਂ 4.0 ਪੀਪੀਐਮ | 5.0 ਪੀਪੀਐਮ |
| ਪੀਐਚ (pH) | 7.2 | 7.2 | 7.2 ਤੋਂ 7.6 | 7.8 |
| ਕੁੱਲ ਖਾਰਾਪਨ (alkalinity) | 80 ਪੀਪੀਐਮ | 80 ਪੀਪੀਐਮ | 80 ਤੋਂ 120 ਪੀਪੀਐਮ | 120 ਪੀਪੀਐਮ |
| ਸਟੇਬੀਲਾਈਜ਼ਰ (ਸਾਇਨੂਰਿਕ ਐਸਿਡ, ਸਿਰਫ ਬਾਹਰੀ ਪੂਲ) | 30 ਪੀਪੀਐਮ | 30 ਪੀਪੀਐਮ | 30 ਤੋਂ 50 ਪੀਪੀਐਮ | 80 ਪੀਪੀਐਮ |

PPM (ਪੀਪੀਐਮ) = ਪਾਰਟਸ ਪਰ ਮਿਲੀਅਨ

**ਟੇਬਲ 2**

**ਹਾਟ ਟੱਬ * - ਕੀਟਾਣੂਨਾਸ਼ਕ ਅਤੇ ਪਾਣੀ ਦੀ ਗੁਣਵੱਤਾ ਦੇ ਪੱਧਰ**

| ਪੈਰਾਮੀਟਰ | ਨਿਮਨਤਮ | ਆਦਰਸ਼ ਰੇਂਜ | ਅਧਿਕਤਮ |
|---|---|---|---|
| ਫ੍ਰੀ ਅਵੇਲੇਬਲ ਕਲੋਰੀਨ | 1.5 ਪੀਪੀਐਮ | 3.0 ਤੋਂ 5.0 ਪੀਪੀਐਮ | 5.0 ਪੀਪੀਐਮ |
| ਕਲੋਰੀਨ ਸਾਯਾਨਿਊਰੇਟ | 2.0 ਪੀਪੀਐਮ | ਲਾਗੂ ਨਹੀਂ | 5.0 ਪੀਪੀਐਮ |
| ਬਰੋਮੀਨ | 2.5 ਪੀਪੀਐਮ | 4.0 to 6.0 ਪੀਪੀਐਮ | 8.0 ਪੀਪੀਐਮ |
| ਪੀਐਚ (pH) | 7.2 | 7.2 ਤੋਂ 7.6 | 7.8 |
| ਕੁੱਲ ਖਾਰਾਪਨ (alkalinity) | 80 ਪੀਪੀਐਮ | 80 ਤੋਂ 120 ਪੀਪੀਐਮ | 120 ਪੀਪੀਐਮ |

* ਤਾਪਮਾਨ 40°ਸੈਂਟੀਗ੍ਰੇਡ ਤੋਂ ਵੱਧ ਨਹੀਂ ਹੋਣਾ ਚਾਹੀਦਾ

PPM (ਪੀਪੀਐਮ) = ਪਾਰਟਸ ਪਰ ਮਿਲੀਅਨ

ਹਮੇਸ਼ਾ ਆਪਣੇ ਪੂਲ ਰਸਾਇਣਾਂ ਨੂੰ ਸੁਰੱਖਿਅਤ ਢੰਗ ਨਾਲ ਵਰਤੋ ਅਤੇ ਸਟੋਰ ਕਰੋ ਅਤੇ ਬੱਚਿਆਂ ਦੀ ਪਹੁੰਚ ਤੋਂ ਬਾਹਰ ਰੱਖੋ। ਰਸਾਇਣਾਂ ਨੂੰ ਪਹਿਲਾਂ ਤੋਂ ਮਿਲਾਉਂਦੇ ਸਮੇਂ, ਹਮੇਸ਼ਾ ਪਾਣੀ ਵਿੱਚ ਰਸਾਇਣ ਮਿਲਾਓ ਨਾ ਕਿ ਰਸਾਇਣਾਂ ਵਿੱਚ ਪਾਣੀ। ਉਤਪਾਦ ਲੇਬਲ ਅਤੇ ਸੁਰੱਖਿਆ ਡੇਟਾ ਸ਼ੀਟਾਂ 'ਤੇ ਸੁਰੱਖਿਆ ਨਿਰਦੇਸ਼ਾਂ ਦੀ ਪਾਲਣਾ ਕਰੋ। ਅੱਖਾਂ ਦੀ ਸੁਰੱਖਿਆ ਅਤੇ ਦਸਤਾਨਿਆਂ ਦੀ ਲੋੜ ਹੋ ਸਕਦੀ ਹੈ।

ਕੀਟਾਣੂਨਾਸ਼ਕ ਪਾਣੀ ਵਿੱਚ ਜੈਵਿਕ ਪਦਾਰਥਾਂ ਨਾਲ ਪ੍ਰਤੀਕਿਰਿਆ ਕਰਦੇ ਹਨ ਜਿਸ ਵਿੱਚ ਮਲ ਪਦਾਰਥ, ਉਲਟੀ, ਗੰਦਗੀ, ਸਾਬਣ, ਸ਼ੈਂਪੂ, ਸਰੀਰ ਦੇ ਤੇਲ, ਪਸੀਨਾ (ਪਸੀਨਾ), ਭੋਜਨ ਅਤੇ ਪੀਣ ਵਾਲੇ ਪਦਾਰਥ ਸ਼ਾਮਲ ਹਨ। ਕਲੋਰੀਨ ਜੋ ਜੈਵਿਕ ਪਦਾਰਥਾਂ ਨਾਲ ਪ੍ਰਤੀਕ੍ਰਿਆ ਕਰਦੀ ਹੈ ਨੂੰ ਕੰਮਬਾਈਨਡ ਅਵੇਲੇਬਲ ਕਲੋਰੀਨ (CAC) ਵਜੋਂ ਜਾਣਿਆ ਜਾਂਦਾ ਹੈ। ਇਹ ਰੋਗਾਣੂ-ਮੁਕਤ ਕਰਨ ਵਿੱਚ ਘੱਟ ਪ੍ਰਭਾਵਸ਼ਾਲੀ ਹੈ ਅਤੇ ਨਾਗਵਾਰ ਗੰਧਾਂ ਅਤੇ ਅੱਖਾਂ ਵਿੱਚ ਜਲਣ ਪੈਦਾ ਕਰਦਾ ਹੈ। ਕਲੋਰੀਨ ਜਿਸ ਨੇ ਕਿਸੇ ਵੀ ਜੈਵਿਕ ਪਦਾਰਥ ਨਾਲ ਪ੍ਰਤੀਕਿਰਿਆ ਨਹੀਂ ਕੀਤੀ ਹੈ, ਨੂੰ ਫ੍ਰੀ ਅਵੇਲੇਬਲ ਕਲੋਰੀਨ (FAC) ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਇੱਕ ਪ੍ਰਭਾਵਸ਼ਾਲੀ ਕੀਟਾਣੂਨਾਸ਼ਕ ਹੈ।

ਟੈਸਟ ਕਿੱਟਾਂ ਆਮ ਤੌਰ 'ਤੇ FAC ਅਤੇ ਟੋਟਲ ਅਵੇਲੇਬਲ ਕਲੋਰੀਨ (TAC) ਨੂੰ ਮਾਪਦੀਆਂ ਹਨ। ਪੂਲ ਵਿੱਚ ਕੰਮਬਾਈਨਡ ਅਵੇਲੇਬਲ ਕਲੋਰੀਨ ਦਾ ਪਤਾ ਲਗਾਉਣ ਲਈ, ਇਸ ਫਾਰਮੂਲੇ ਦੀ ਵਰਤੋਂ ਕਰੋ: TAC – FAC = CAC. ਜਿੰਨੀ ਜ਼ਿਆਦਾ ਵਾਰ ਹਾਟ ਟੱਬ ਅਤੇ ਪੂਲ ਵਰਤੇ ਜਾਂਦੇ ਹਨ, ਪਾਣੀ ਵਿਚਲੀ ਫ੍ਰੀ ਅਵੇਲੇਬਲ ਕਲੋਰੀਨ ਉਨੀ ਤੇਜ਼ੀ ਨਾਲ ਕੰਮਬਾਈਨਡ ਕਲੋਰੀਨ ਵਿੱਚ ਬਦਲ ਜਾਂਦੀ ਹੈ।

### ਨਿਯਮਤ ਸ਼ੌਕ ਟ੍ਰੀਟਮੈਂਟ ਦੀ ਸਿਫਾਰਸ਼ ਕੀਤੀ ਜਾਂਦੀ ਹੈ

ਸ਼ੌਕ ਟ੍ਰੀਟਮੈਂਟ ਹਾਟ ਟੱਬ ਜਾਂ ਪੂਲ ਵਿੱਚ ਕੰਮਬਾਈਨਡ ਅਵੇਲੇਬਲ ਕਲੋਰੀਨ ਤੋਂ ਛੁਟਕਾਰਾ ਪਾਉਣ ਦੀ ਇੱਕ ਪ੍ਰਕਿਰਿਆ ਹੈ ਅਤੇ ਇਹ ਕਲੋਰੀਨ ਦੇ ਪੱਧਰ ਨੂੰ ਆਮ ਗਾੜ੍ਹੇਪਣ ਤੋਂ 10 ਗੁਣਾ ਵਧਾ ਕੇ ਅਤੇ ਫਿਰ ਉਸ ਨੂੰ ਬਿਨਾਂ ਹਿਲਾਏ ਰਹਿਣ ਦਿੱਤੇ ਜਾਣ ਦੁਆਰਾ ਕੀਤੀ ਜਾ ਸਕਦੀ ਹੈ ਜਦੋਂ ਤੱਕ ਫ੍ਰੀ ਕਲੋਰੀਨ ਦੇ ਪੱਧਰ ਸਿਫ਼ਾਰਸ਼ ਕੀਤੀਆਂ ਰੇਂਜਾਂ ਵਿੱਚ ਵਾਪਸ ਨਹੀਂ ਆ ਜਾਂਦੇ। ਪੂਲ ਜਾਂ ਹਾਟ ਟੱਬ ਦੀ ਵਰਤੋਂ ਉਦੋਂ ਤੱਕ ਨਹੀਂ ਕੀਤੀ ਜਾਣੀ ਚਾਹੀਦੀ ਜਦੋਂ ਤੱਕ ਟੈਸਟ ਦੇ ਨਤੀਜੇ ਇਹ ਨਹੀਂ ਦਿਖਾਉਂਦੇ ਕਿ ਕਲੋਰੀਨ ਦਾ ਪੱਧਰ ਲੋੜੀਂਦੀ ਰੇਂਜ ਦੇ ਅੰਦਰ ਆ ਗਿਆ ਹੈ।

ਹਾਟ ਟੱਬਾਂ ਵਿੱਚ, ਪਾਣੀ ਦੀ ਮੁਕਾਬਲਤਨ ਘੱਟ ਮਾਤਰਾ ਦੇ ਕਾਰਨ, ਸ਼ੌਕ ਟ੍ਰੀਟਮੈਂਟ ਕਰਨ ਦੀ ਬਜਾਏ ਸਾਰੇ ਪਾਣੀ ਨੂੰ ਬਦਲਣਾ ਅਕਸਰ ਆਸਾਨ ਹੁੰਦਾ ਹੈ।

ਪੂਲ ਸਪਲਾਇਰ ਰਸਾਇਣ ਪ੍ਰਦਾਨ ਕਰ ਸਕਦੇ ਹਨ ਜੋ ਕਲੋਰੀਨ ਤੋਂ ਬਿਨਾਂ ਸ਼ੌਕ ਟ੍ਰੀਟਮੈਂਟ ਕਰਨਗੇ। ਕਲੋਰੀਨ ਤੋਂ ਬਿਨਾਂ ਸ਼ੌਕ ਟ੍ਰੀਟਮੈਂਟ ਦੀ ਵਰਤੋਂ ਪ੍ਰਭਾਵਸ਼ਾਲੀ ਹੋ ਸਕਦੀ ਹੈ। ਪਰੰਤੂ, ਇਹ ਕਲੋਰੀਨ ਟੈਸਟ ਕਿੱਟਾਂ ਦੀ ਸ਼ੁੱਧਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

### ਢੁਕਵੀਂ ਸਰਕੂਲੇਸ਼ਨ ਨੂੰ ਬਣਾਈ ਰੱਖਣ ਦੀ ਮਹੱਤਤਾ

- ਪੂਲ ਦੇ ਪੰਪਾਂ ਨੂੰ ਦਿਨ ਵਿੱਚ 24 ਘੰਟੇ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਸਰਕੂਲੇਟ ਨਾ ਹੋਣ ਵਾਲਾ ਪਾਣੀ ਸਥਿਰ ਹੋ ਸਕਦਾ ਹੈ ਅਤੇ ਬੈਕਟੀਰੀਆ ਅਤੇ ਉੱਲੀ ਵੱਧਣ ਦਾ ਕਾਰਨ ਬਣ ਸਕਦਾ ਹੈ
- ਜਦੋਂ ਪੂਲ ਖਾਲੀ ਹੋਣ ਤਾਂ ਸਰਕੂਲੇਸ਼ਨ ਸਿਸਟਮ ਦੀ ਊਰਜਾ ਦੀ ਖਪਤ ਨੂੰ ਘਟਾਉਣਾ ਸੰਭਵ ਹੈ। ਰੀਸਰਕੂਲੇਸ਼ਨ ਸਿਸਟਮਾਂ ਨੂੰ 25% ਤੋਂ ਵੱਧ ਬੰਦ ਨਹੀਂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਹਾਉਣ ਵਾਲਿਆਂ ਨੂੰ ਕੋਈ ਖਤਰੇ ਨਾ ਹੋਣ
- ਕੁਝ ਹਾਟ ਟੱਬਾਂ ਵਿੱਚ ਸੈਕੰਡਰੀ ਸਰਕੂਲੇਸ਼ਨ ਪੰਪ ਹੁੰਦੇ ਹਨ ਜੋ ਦਿਨ ਵਿੱਚ 24 ਘੰਟੇ ਚੱਲਦੇ ਹਨ। ਇਹ ਸਿਸਟਮ ਪਾਣੀ ਦੀਆਂ ਕੁਝ ਲਾਈਨਾਂ ਨੂੰ ਬਾਈਪਾਸ ਕਰ ਸਕਦੇ ਹਨ ਅਤੇ ਉਹਨਾਂ ਲਾਈਨਾਂ ਵਿੱਚ ਪਾਣੀ ਨੂੰ ਖੜ੍ਹਾ ਹੋਇਆ ਛੱਡ ਦੇਣਗੇ। ਹਮੇਸ਼ਾ ਆਪਣੇ ਵਿਕਰੇਤਾ ਜਾਂ ਪੂਲ ਸਪਲਾਇਰ ਤੋਂ ਸਲਾਹ ਅਤੇ ਸਿਫ਼ਾਰਸ਼ਾਂ ਮੰਗੋ।

### ਆਪਣੇ ਹਾਟ ਟੱਬ ਅਤੇ ਪੂਲ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰੋ

ਤੁਹਾਡਾ ਸਫਾਈ ਦਾ ਕਾਰਜਕ੍ਰਮ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿੰਨੇ ਲੋਕ ਤੁਹਾਡੇ ਪੂਲ ਜਾਂ ਹਾਟ ਟੱਬ ਦੀ ਵਰਤੋਂ ਕਰਦੇ ਹਨ, ਅਤੇ ਇਹ ਕਿੰਨੀ ਵਾਰ ਵਰਤਿਆ ਜਾਂਦਾ ਹੈ। ਘੱਟੋ-ਘੱਟ, ਉਸ ਨੂੰ ਨਿਰਮਾਤਾ ਦੀਆਂ ਹਦਾਇਤਾਂ ਅਨੁਸਾਰ ਸਾਫ ਕਰੋ। ਜੇਕਰ ਹੇਠ ਲਿਖੀਆਂ ਵਿੱਚੋਂ ਕੋਈ ਵੀ ਸਮੱਸਿਆਵਾਂ ਹੁੰਦੀਆਂ ਹਨ ਤਾਂ ਤੁਹਾਨੂੰ ਆਪਣੇ ਹਾਟ ਟੱਬ ਜਾਂ ਪੂਲ ਨੂੰ ਖਾਲੀ ਕਰਨਾ ਅਤੇ ਸਾਫ਼ ਕਰਨਾ ਚਾਹੀਦਾ ਹੈ:

- ਪੂਲ ਜਾਂ ਹਾਟ ਟੱਬ ਦੀ ਵਰਤੋਂ ਕਰਨ ਤੋਂ ਬਾਅਦ ਅੱਖਾਂ, ਕੰਨ ਜਾਂ ਚਮੜੀ ਦੀ ਜਲਣ ਦੀਆਂ ਸ਼ਿਕਾਇਤਾਂ
- ਮਲ ਜਾਂ ਉਲਟੀਆਂ ਨਾਲ ਸੰਬੰਧਤ ਘਟਨਾ
- ਕੀਟਾਣੂਨਾਸ਼ਕ ਦੇ ਸਹੀ ਪੱਧਰਾਂ ਨੂੰ ਕਾਇਮ ਨਹੀਂ ਰੱਖਿਆ ਗਿਆ ਹੈ

## ਹੋਰ ਜਾਣਕਾਰੀ ਲਈ

ਹਾਟ ਟੱਬਾਂ ਅਤੇ ਪੂਲਾਂ ਵਿੱਚ ਪਾਣੀ ਦੀ ਸੁਰੱਖਿਅਤ ਗੁਣਵੱਤਾ ਨੂੰ ਬਣਾਈ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, ਆਪਣੇ ਸਥਾਨਕ ਵਾਤਾਵਰਣ ਸਿਹਤ ਦਫ਼ਤਰ, ਜਾਂ ਆਪਣੇ ਸਥਾਨਕ ਪੂਲ ਅਤੇ ਹਾਟ ਟੱਬ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ।

ਸਿਹਤ ਅਤੇ ਸੁਰੱਖਿਆ ਸੁਝਾਵਾਂ ਲਈ, ਕਿਰਪਾ ਕਰਕੇ, HealthLinkBC File #27a ਰਿਹਾਇਸ਼ੀ ਹਾਟ ਟੱਬ ਅਤੇ ਪੂਲ: ਸਿਹਤ ਅਤੇ ਸੁਰੱਖਿਆ ਸੁਝਾਅ 'ਤੇ ਜਾਓ।